# Visit of External Affairs Minister to the Arab Republic of Egypt (October 15-16, 2022)

October 13, 2022

---

## ਵਿਦੇਸ਼ ਮੰਤਰੀ ਦਾ ਮਿਸਰ ਅਰਬੀ ਗਣਰਾਜ  ਦਾ ਦੌਰਾ (15-16 ਅਕਤੂਬਰ, 2022)

## 13 ਅਕਤੂਬਰ, 2022

1. ਮਿਸਰ ਦੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਸਮੀਹ ਹਸਨ ਸ਼ੌਕਰੀ ਦੇ ਸੱਦੇ ਤੇ ਵਿਦੇਸ਼ ਮੰਤਰੀ ਡਾ. ਐੱਸ. ਜੈਸ਼ੰਕਰ 15-16 ਅਕਤੂਬਰ 2022 ਤੱਕ ਮਿਸਰ ਅਰਬੀ ਗਣਰਾਜ ਦੀ ਸਰਕਾਰੀ ਯਾਤਰਾ ਕਰਨਗੇ। ਇਹ ਉਨ੍ਹਾਂ ਵੱਲੋਂ ਮਿਸਰ ਦੀ ਪਹਿਲੀ ਦੁਵੱਲੀ ਯਾਤਰਾ ਹੋਵੇਗੀ।

2. ਇਸ ਦੌਰੇ ਦੌਰਾਨ EAM ਆਪਸੀ ਹਿੱਤਾਂ ਦੇ ਕਈ ਦੁਵੱਲੇ ,ਖੇਤਰੀ ਅਤੇ ਵਿਦੇਸ਼ੀ ਮਾਮਲਿਆਂ ਨਾਲ ਜੁੜੇ ਮੁਦਿਆਂ ਬਾਰੇ ਵਿਦੇਸ਼ ਮੰਤਰੀ ਮਹਾਮਹਿਮ  ਸ਼੍ਰੀ ਸਮੀਹ ਸ਼ੌਕਰੀ ਨਾਲ ਚਰਚਾ ਕਰਨਗੇ।

3. EAM ਵਿਦਿਆਰਥੀਆਂ ਸਮੇਤ ਮਿਸਰ ਵਿੱਚ ਰਹਿ ਰਹੇ ਭਾਰਤੀ ਸਮੁਦਾਏ ਨਾਲ ਗੱਲਬਾਤ ਕਰਨਗੇ ਅਤੇ ਮਿਸਰੀ ਅਤੇ ਭਾਰਤੀ ਵਪਾਰਕ ਸਮੁਦਾਏ ਦੇ ਇਕੱਠ ਨੂੰ ਸੰਬੋਧਨ ਕਰਨਗੇ।

4. ਭਾਰਤ ਅਤੇ ਮਿਸਰ ਦੇ ਰਵਾਇਤੀ ਤੌਰ 'ਤੇ ਇਤਿਹਾਸਕ ਅਤੇ ਸੱਭਿਆਚਾਰਕ ਸਬੰਧਾਂ ਦੇ ਆਧਾਰ 'ਤੇ ਨਿੱਘੇ ਅਤੇ ਦੋਸਤਾਨਾ ਸਬੰਧ ਹਨ। ਦੋਵੇਂ ਦੇਸ਼ ਇਸ ਸਾਲ ਕੂਟਨੀਤਕ ਸਬੰਧਾਂ ਦੀ ਸਥਾਪਨਾ ਦੇ 75 ਸਾਲ ਮਨਾ ਰਹੇ ਹਨ। 2022-23 ਵਿੱਚ ਭਾਰਤ ਦੀ G-20 ਦੀ ਪ੍ਰਧਾਨਗੀ ਦੌਰਾਨ ਮਿਸਰ ਨੂੰ 'ਮਹਿਮਾਨ ਦੇਸ਼' ਵਜੋਂ ਸੱਦਾ ਦਿੱਤਾ ਗਿਆ ਹੈ।

5. ਮਿਸਰ ਅਫ਼ਰੀਕਾ ਵਿੱਚ ਭਾਰਤ ਦੇ ਸਭ ਤੋਂ ਵੱਡੇ ਵਪਾਰਕ ਭਾਈਵਾਲਾਂ ਵਿੱਚੋਂ ਇੱਕ ਰਿਹਾ ਹੈ ਅਤੇ ਇਸ ਦੌਰੇ ਦੌਰਾਨ ਦੁਵੱਲੇ ਵਪਾਰ, ਵਣਜ ਅਤੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਫੋਕਸ ਖੇਤਰਾਂ ਵਿਚ ਸ਼ਾਮਲ ਹੋਵੇਗਾ। ਭਾਰਤ - ਮਿਸਰ ਦਾ ਦੁਵੱਲਾ ਵਪਾਰ ਵਿੱਤੀ ਸਾਲ 2021-22 ਦੌਰਾਨ 7.26 ਅਰਬ ਅਮਰੀਕੀ ਡਾਲਰ ਦੇ ਰਿਕਾਰਡ ਉੱਚੇ ਪੱਧਰ ਨੂੰ ਛੂਹ ਗਿਆ। ਮਿਸਰ ਵਿੱਚ ਭਾਰਤੀ ਨਿਵੇਸ਼ 3.15 ਅਰਬ ਅਮਰੀਕੀ ਡਾਲਰ ਤੋਂ ਵੱਧ ਹੈ। 50 ਤੋਂ ਵੱਧ ਭਾਰਤੀ ਕੰਪਨੀਆਂ ਮਿਸਰ ਵਿੱਚ ਨਿਰਮਾਣ, ਰਸਾਇਣ, ਊਰਜਾ, ਬੁਨਿਆਦੀ ਢਾਂਚਾ, ਪ੍ਰਚੂਨ ਆਦਿ ਵਰਗੇ ਖੇਤਰਾਂ ਵਿੱਚ ਸਰਗਰਮੀ ਨਾਲ ਕੰਮ ਕਰ ਰਹੀਆਂ ਹਨ।

6. EAM ਦਾ ਮਿਸਰ ਦਾ ਦੌਰਾ ਸਾਡੇ ਸਮੁੱਚੇ ਦੁਵੱਲੇ ਅਤੇ ਬਹੁਪੱਖੀ ਸਬੰਧਾਂ ਦੀ ਸਮੀਖਿਆ ਕਰਨ ਅਤੇ ਆਪਸੀ ਹਿੱਤਾਂ ਦੇ ਸਾਰੇ ਮੁੱਦਿਆਂ ਨੂੰ ਸ਼ਾਮਲ ਕਰ ਮਿਸਰੀ ਲੀਡਰਸ਼ਿਪ ਨਾਲ ਵਿਚਾਰ - ਵਟਾਂਦਰੇ  ਕਰਨ ਦਾ ਮੌਕਾ ਦੇਵੇਗਾ। ਇਹ ਦੌਰਾ ਦੁਵੱਲੀ ਭਾਈਵਾਲੀ ਵਿੱਚ ਸਹਿਯੋਗ ਨੂੰ ਡੂੰਘਾ ਕਰਨ ਅਤੇ ਨਵੀਆਂ ਪਹਿਲਕਦਮੀਆਂ ਦੀ ਪੜਚੋਲ ਕਰਨ ਦਾ ਮੌਕਾ ਪ੍ਰਦਾਨ ਦੇਵੇਗਾ।

ਨਵੀਂ ਦਿੱਲੀ

13 ਅਕਤੂਬਰ, 2022

DISCLAIMER: This is an approximate translation. The original is available in English on MEA’s website and may be referred to as the official press release.